# ਪੰਜਾਬ ਸਰਕਾਰ ਵੱਲੋਂ ਸੇਵਾ ਕੇਂਦਰਾਂ ਵਿਚ 9 ਹੋਰ ਸਰਕਾਰੀ ਸੇਵਾਵਾਂ ਦਾ ਵਾਧਾ-ਡਿਪਟੀ ਕਮਿਸ਼ਨਰ

¬ ਜ਼ਿਲ• ਦੇ 98 ਸੇਵਾ ਕੇਂਦਰਾਂ ਵਿੱਚ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਸਰਕਾਰੀ ਸੇਵਾਵਾਂ

ਤਰਨਤਾਰਨ, 9 ਅਗਸਤ :

ਪੰਜਾਬ ਸਰਕਾਰ ਵੱਲੋਂ ਸੇਵਾ ਕੇਂਦਰਾਂ ਵਿੱਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਵਿੱਚ ਹੋਰ ਵਾਧਾ ਕਰਦਿਆਂ ਪੰਜਾਬ ਰਾਜ ਮੰਡੀ ਬੋਰਡ ਦੀਆਂ 6 ਅਤੇ ਟਰਾਂਸਪੋਰਟ ਵਿਭਾਗਾਂ ਦੀਆਂ 3 ਹੋਰ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਨਾਲ ਸੇਵਾ ਕੇਂਦਰਾਂ ਰਾਹੀਂ ਮੁਹੱਈਆ ਕਰਵਾਈਆ ਜਾ ਰਹੀਆਂ ਕੁੱਲ ਸੇਵਾਵਾਂ ਦੀ ਗਿਣਤੀ 146 ਹੋ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨਤਾਰਨ ਸ੍ਰੀ ਪਰਦੀਪ ਕੁਮਾਰ ਸੱਭਰਵਾਲ ਨੇ ਦੱਸਿਆ ਕਿ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ ਪੰਜਾਬ ਰਾਜ ਮੰਡੀ ਬੋਰਡ ਦੀਆਂ ੬ ਸੇਵਾਵਾਂ ਜਿੰਨ•ਾਂ ਵਿਚ ਇਸ਼ੂ ਆਫ ਐਨ. ਓ. ਸੀ, ਡੁਪਲੀਕੇਟ ਅਲਾਟਮੈਂਟ, ਰੀ-ਅਲਾਟਮੈਂਟ, ਇਸ਼ੂ ਆਫ ਕਨਵੈਂਸ ਡੀਡ, ਇਸ਼ੂ ਆਫ ਨੋ ਡਿਊ ਸਰਟੀਫਿਕੇਟ, ਰੀ-ਟਰਾਂਸਫਰ ਆੱਫ ਪ੍ਰਾਪਰਟੀ ਇਨ ਕੇਸ ਆੱਫ ਸੇਲ, ਰੀ-ਟਰਾਂਸਫਰ ਆੱਫ ਪ੍ਰਾਪਰਟੀ ਇਨ ਕੇਸ ਆਫ ਡੈੱਥ ਅਤੇ ਖੇਤਾਂ ਵਿੱਚ ਕੰਮ ਕਰਦੇ ਸਮੇਂ ਸੱਟ ਲੱਗਣ ਜਾਂ ਮੌਤ ਹੋਣ 'ਤੇ ਕਿਸਾਨਾਂ ਨੂੰ ਵਿੱਤੀ ਸਹਾਇਤਾ ਦੇਣ ਸਬੰਧੀ।



ਉਹਨਾਂ ਦੱਸਿਆ ਕਿ ਇਸੇ ਤਰਾਂ ਟਰਾਂਸਪੋਰਟ ਵਿਭਾਗ ਵਿਚ ਫਿਟਨੈੱਸ ਸਰਟੀਫਿਕੇਟ ਫਾਰ ਕਮਰੀਸ਼ਲ ਵਹੀਕਲ/ਮੋਟਰ ਸਾਈਕਲ ਮੈਨੂਅਲ-ਆਟੋਮੇਟਿਡ, ਇਸ਼ੂ ਆਫ ਟੈਕਸ ਕਲੀਰੈਂਸ ਸਰਟੀਫਕਟ (2 ਸਾਲ ਤੱਕ ਦੇ ਸਮੇਂ ਤੋਂ ਅਪਲਾਈ ਹੋਣ  ਵਾਲੇ) ਅਤੇ ਇਸ਼ੂ ਆੱਫ ਟੈਕਸ ਕਲੀਰੈਂਸ ਸਰਟੀਫਿਕੇਟ (2 ਸਾਲ ਤੋਂ ਜ਼ਿਆਦਾ ਸਮੇਂ ਤੋਂ ਅਪਲਾਈ ਹੋਣ  ਵਾਲੇ) ਸੇਵਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ।

ਉਹਨਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਸੇਵਾ ਕੇਂਦਰਾਂ ਵਿੱਚ ਲੋਕਾਂ ਨੂੰ ਵੱਖ-ਵੱਖ ਸਰਕਾਰੀ ਸੇਵਾਵਾਂ ਘਰਾਂ  ਦੇ ਨੇੜੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਉਹਨਾਂ ਦੱਸਿਆ ਕਿ ਇਸ ਸਮੇਂ ਜ਼ਿਲ• ਵਿੱਚ 98 ਸੇਵਾ ਕੇਂਦਰ ਚੱਲ ਰਹੇ ਹਨ, ਜਿੱਥੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਸਮੇਂ  ਸਿਰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਹਨਾਂ ਦੱਸਿਆ ਕਿ ਇਹ ਸੇਵਾ ਕੇਂਦਰ ਸ਼ਨੀਵਾਰ ਵਾਲੇ ਦਿਨ ਵੀ ਖੁੱਲੇ ਰਹਿੰਦੇ ਹਨ।